ਬੱਚਿਆਂ ਲਈ ਬਾਈਬਲ
ਉਪੱਸਥਿਤ

# ਪਹਿਲਾ ਈਸਟਰ
(ਪਹਿਲ ਈਸਟਰ)



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Lyn Doerksen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2012 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਉਹ ਔਰਤ ਪਹਾੜੀ ਦੇ ਇੱਕ ਪਾਸੇ ਸ਼ੋਰ ਗੁੱਲ ਵਿੱਚ ਖੜੀ ਸੀ, ਉਸਦੀਆਂ ਦੁਖੀ ਅੱਖਾਂ ਉਸ ਭਿਆਨਕ ਘਟਨਾਂ ਵਾਲੇ ਸਥਾਂਨ ਵਾਲੇ ਸਥਾਂਨ ਨੂੰ ਨੂੰ ਵੇਖ ਰਹੀਆਂ ਸਨ।



ਉਸਦਾ ਦਾ ਬੇਟਾ ਮਰ
ਰਿਹਾ ਸੀ। ਉਸਦੀ ਮਾਤਾ
ਮਰਿਯਮ ਅਤੇ ਉਹ
ਨੇੜੇ ਹੋ ਕੇ ਖੜ
ਗਈਆਂ ਜਿਥੇ
ਯਿਸੂ ਨੂੰ ਸਲੀਬ
ਤੇ ਕਿੱਲ ਠੋਕੇ
ਗਏ ਸਨ।





ਇਹ ਸਭ ਕਿਵੇ ਹੋਇਆ,
ਯਿਸੂ ਦੀ ਖੂਬਸੂਰਤ
ਜਿੰਦਗੀ ਦਾ
ਅੰਤ ਇਸ
ਤਰ੍ਹਾਂ ਦੇ
ਭਿਆਨਕ
ਹਾਲਾਤ ਵਿੱਚ
ਕਿਵੇਹੋ ਸਕਦਾ ਹੈ?



ਪਰਮੇਸ਼ਵਰ ਨੇ ਇਹ ਕਿਵੇ
ਹੋਣ ਦਿੱਤਾ ਕਿ ਉਸਦੇ
ਪੁੱਤਰ ਨੂੰ ਸਲੀਬ
ਤੇ ਕਿੱਲ ਠੋਕੇ
ਜਾਣ ਤੇ ਉਥੇ
ਮਰ ਜਾਵੇ? ਕਿ ਯਿਸੂ
ਤੋ ਉਸ ਸਬੰਧ ਵਿੱਚ ਭੁੱਲ
ਹੋਈ ਕਿ ਉਹ ਕੀ ਸੀ ਕਿ
ਪਰਮੇਸ਼ਵਰ ਅਸਫ਼ਲ ਹੋਇਆ।



ਨਹੀ ! ਪਰਮੇਸ਼ਵਰ ਅਸਫ਼ਲ ਨਹੀ ਹੋਇਆ ।ਯਿਸੂ ਨੇ ਕੋਈ ਵੀ ਗਲਤੀ ਨਹੀ ਕੀਤੀ ਸੀ। ਯਿਸੂ ਹਮੇਸ਼ਾ ਤੋ ਜਾਣਦਾ ਸੀ ਕਿ ਉਹ ਦੁਸ਼ਟ ਲੋਕਾਂ ਦੁਆਰਾ ਮਾਰਿਆਂ ਜਾਵੇਗਾ।



ਜਦ ਕਿ ਯਿਸੂ ਇੱਕ ਬੱਚਾ ਸੀ। ਇੱਕ ਬਜ਼ੁਰਗ ਮਨੁੱਖ ਸਿਮਓਨ ਨੇ ਮਰਿਯਮ ਨੂੰ ਕਿਹਾ ਸੀ ਕਿ ਇਹ ਦੁੱਖਾਂ ਨਾਲ ਨਾ ਅੱਗੇ ਵਧੇਗਾ।



ਯਿਸੂ ਦੇ
ਮਾਰੇ ਜਾਣ ਤੋ
ਕੁੱਝ ਦਿਨ ਪਹਿਲਾਂ,
ਇੱਕ ਔਰਤ ਨੇ ਆਣ
ਕੇ ਉਸਦੇ ਪੈਰਾ ਨੂੰ
ਇੱਤਰ ਨਾਲ ਮਲੱਮ
ਕੀਤੀ। ਚੇਲਿਆਂ ਨੈ ਸ਼ਿਕਾਅਤ
ਕੀਤੀ, ਉਹ ਪੈਸਾ ਬਰਬਾਦ ਕਰ ਰਹੀ ਹੈ।





ਯਿਸੂ ਨੇ ਕਿਹਾ
ਉਸਨੇ ਬਹੁਤ ਚੰਗਾਂ
ਕੰਮ ਕੀਤਾ ਹੈ। ਉਸਨੇ
ਮੇਰੇ ਦੱਫ਼ਨਾਉਣ ਲਈ ਕੀਤਾ
ਹੈ। ਕਿੰਨੇ ਅਚਰਜ਼ ਸ਼ਬਦ ਹਨ !

ਉਸਦੇ ਬਾਅਦ ਯਹੂਦਾ ਜੋ ਯਿਸੂ ਦੇ
ਬਾਰਾਂ ਚੇਲਿਆਂ ਵਿੱਚੋ ਇੱਕ ਸੀ
ਮੰਨ ਗਿਆ ਕਿ ਉਹ ਮਹਾਂ
ਯਾਜਕਾ ਲਈ ਯਿਸੂ ਨੂੰ
ਚਾਂਦੀ ਦੇ ਤੀਹ
ਸਿੱਕਿਆ ਲਈ
ਧੋਖਾ ਦੇਵੇਗਾ।





ਯਹੂਦੀਆਂ ਦੇ ਫਸਹ ਦੇ ਤਿਉਹਾਰ
ਤੇ ਯਿਸੂ ਨੇ ਆਪਣਾ ਆਖਰੀ
ਭੋਜਨ ਆਪਣੇ ਚੇਲਿਆਂ ਦੇ
ਨਾਲ ਕੀਤਾ। ਉਸਨੇ ਉਨ੍ਹਾਂ ਨੂੰ
ਪਰਮੇਸ਼ਵਰ ਅਤੇ ਉਸਦੇ ਵਾਇਦੇ
ਦੇ ਬਾਰੇ ਅਜ਼ੀਬ
ਗੱਲਾਂ ਦੱਸੀਆਂ
ਜੋ ਉਸ ਨੂੰ
ਪਿਆਰ ਕਰਦੇ
ਸਨ।



ਤਦ ਯਿਸੂ ਨੇ ਰੋਟੀ ਅਤੇ ਮੈ ਦਾ
ਪਿਆਲਾ ਉਨ੍ਹਾਂ ਨੂੰ ਵੰਡਣ ਲਈ
ਦਿੱਤਾ। ਇਹ ਉਨ੍ਹਾਂ ਨੂੰ ਯਾਦ
ਦਿਲਾਉਣ ਲਈ ਸੀ। ਕਿ ਯਿਸੂ
ਦਾ ਸਰੀਰ ਅਤੇ ਲਹੂ ਪਾਪਾਂ
ਦੀ ਮਾਫ਼ੀ ਦੇ ਲਈ
ਦਿੱਤਾ ਗਿਆ
ਹੈ।

ਤਦ ਯਿਸੂ ਨੇ ਆਪਣੇ ਮਿੱਤਰਾਂ ਨੂੰ ਕਿਹਾ ਕਿ ਮੈਨੂੰ ਧੋਖਾਂ ਦਿੱਤਾ ਜਾਵੇਗਾ, ਅਤੇ ਤੁਸੀ ਭੱਜ਼ ਜਾਵੋਗੇ । ਪਤਰਸ ਨੇ ਜਿਦ ਕੀਤੀ ਕਿ ਮੈ ਨਹੀ ਭੱਜਾਗਾ। ਯਿਸੂ ਨੇ ਕਿਹਾ, ਮੁਰਗੇ ਦੇ ਬਾਂਗ ਦੇਣ ਤੋ
ਪਹਿਲਾਂ ਤੂੰ ਮੇਰਾ
ਤਿੰਨ ਵਾਰ
ਇੰਨਕਾਰ
ਕਰੇਗਾ।





ਉਸ ਰਾਤ ਦੇਰ ਤੱਕ
ਯਿਸੂ ਪ੍ਰਾਥਨਾ ਕਰਨ
ਲਈ ਗਤਸਮਨੀ
ਬਾਗ ਵਿੱਚ ਗਿਆ।



ਜੋ ਚੇਲੇ ਉਹਦੇ ਨਾਲ ਗਏ
ਸਨ ਉਹਨਾਂ ਨੂੰ ਨੀਂਦ ਆ
ਗਈ ਯਿਸੂ ਨੇ ਪ੍ਰਾਥਨਾ
ਕੀਤੀ “ਐ ਮੇਰੇ ਪਿਤਾ ਹੋ
ਸਕੇ ਤਾਂ ਇਹ ਪਿਆਲਾ
ਮੇਰੇ ਤੋ ਟਲ ਜਾਵੇ। ਪਰ
ਫੇਰ ਵੀ ਮੇਰੀ ਨਹੀ ਬਲਕਿ
ਤੁਹਾਡੀ ਇੱਛਾ ਪੂਰੀ ਹੋਵੇ।

ਅਚਾਨਕ ਇੱਕ ਵੱਡੀ ਭੀੜ ਬਾਗ ਵਿੱਚ ਆ ਗਈ, ਜਿਸ ਦੀ ਅਗਵਾਈ ਯਹੂਦਾ ਕਰ ਰਿਹਾ ਸੀ। ਯਿਸੂ ਨੇ ਉਹਨਾਂ ਨੂੰ ਕੁੱਝ ਨਾ ਕੀਤਾ। ਪਰ ਪਤਰਸ ਨੇ ਇੱਕ ਆਦਮੀ ਦਾ ਕੰਨ ਵੱਡ ਦਿੱਤਾ।



ਹੌਲੀ ਨਾਲ ਯਿਸੂ ਨੇ ਉਸਦੇ ਕੰਨ ਨੂੰ
ਛੁਹਿਆਂ ਅਤੇ ਠੀਕ ਕਰ ਦਿੱਤਾ।
ਯਿਸੂ ਜਾਣਦਾ ਸੀ ਕਿ ਉਸ
ਦਾ ਫੜਵਾਇਆ ਜਾਣਾ
ਪਰਮੇਸ਼ਵਰ ਦੀ
ਯੋਜਨਾ ਹੈ।



ਉਹ ਭੀੜ ਯਿਸੂ ਨੂੰ ਮਹਾਯਾਜਕ ਦੇ ਘਰ ਲੈ ਗਈ।
ਉਥੇ ਯਹੂਦੀਆਂ ਸਰਦਾਰਾਂ ਨੇ ਕਿਹਾ ਯਿਸੂ ਮਾਰੇ
ਜਾਣ ਦੇ ਯੋਗ ਹੈ।
ਪਤਰਸ ਉਹਨਾਂ ਦੇ ਨੇੜੇ
ਜਾ ਕੇ ਖੜਾ ਹੋ
ਗਿਆ ਅਤੇ
ਉਤੇਜਿਤ ਹ ਕੇ
ਵੇਖਣ ਲੱਗਾ।



ਲੋਕਾਂ ਨੇ ਤਿੰਨ ਵਾਰ ਪਤਰਸ ਨੂੰ ਵੇਖ ਕੇ ਘੂਰਿਆਂ ਅਤੇ
ਕਿਹਾ ਤੂੰ ਵੀ ਯਿਸੂ
ਦੇ ਨਾਲ ਸੀ।




‘‘ਪਤਰਸ ਨੇ ਤਿੰਨ ਵਾਰ ਇਨਕਾਰ ਕੀਤਾ ਜਿਸ
ਤਰ੍ਹਾਂ ਯਿਸੂ ਨੇ ਉਸ ਨੂੰ
ਕਿਹਾ ਸੀ। ਇੱਥੋ ਤੱਕ
ਕਿ ਪਤਰਸ ਨੇ ਆਪਣੇ
ਆਪ ਨੂੰ ਸਰਾਪਿਆਂ
ਅਤੇ ਸੌਂਹ ਖਾਦੀ।

# ਇੱਕ-ਕੋਕ-ਡੂਡਲੀ-ਡੂ



ਉਸ ਸਮੇਂ ਮੁਰਗੇ ਨੇ
ਬਾਂਗ ਦਿੱਤੀ। ਇੱਕ ਪਾਸੇ
ਪਤਰਸ ਲਈ ਇਹ ਪਰਮੇਸ਼ਵਰ
ਦੀ ਆਵਾਜ਼ ਸੀ। ਯਿਸੂ ਦੇ
ਸ਼ਬਦਾਂ ਨੂੰ ਯਾਦ ਕਰਕੇ,
ਪਤਰਸ ਭੁੱਬਾਂ ਮਾਰ ਕੇ ਰੋਇਆ।



ਯਹੂਦਾ ਵੀ ਪਛਤਾਇਆ।
ਉਹ ਜਾਣਦਾ ਸੀ ਕਿ ਯਿਸੂ
ਕਿਸੇ ਪਾਪ ਜਾਂ ਅਪਰਾਧ
ਲਈ ਕਸੂਰਵਾਰ ਨਹੀ ਸੀ।



ਯਹੂਦਾ ਚਾਂਦੀ ਦੇ ਤੀਹ ਸਿੱਕਿਆ ਨੂੰ ਵਾਪਿਸ ਲੈ ਗਿਆ। ਪਰ ਜਾਜਕ ਨੇ ਨਾ ਲਏ।


ਯਹੂਦਾ ਨੇ ਪੈਸੇ ਥੱਲੇ ਸਿੱਟੇ
ਬਾਹਰ ਗਿਆ ਅਤੇ ਆਪਣੇ
ਆਪ ਨੂੰ ਫਾਂਸੀ ਲਾ ਲਈ।


ਯਾਜਕ ਯਿਸੂ
ਨੂੰ ਪਿਲਾਤੁਸ ਦੇ
ਸਾਹਮਣੇ ਲੈ ਗਏ,
ਉਹ ਰੋਮ ਦਾ
ਰਾਜਪਾਲ ਸੀ।


ਪਿਲਾਤੁਸ ਨੇ ਆਖਿਆਂ, ਮੈ ਇਸ
ਮਨੁੱਖ ਵਿੱਚ ਕੋਈ ਬੁਰਾਈ ਨਹੀ
ਪਾਈ “। ਪਰ ਭੀੜ ਚੀਕਦੀ
ਹੀ ਰਹੀ ਕਿ ਇਸ ਨੂੰ
ਸੂਲੀ ਤੇ ਚੜਾਉ !
ਸੂਲੀ ਤੇ ਚੜਾਉ !”

ਆਖਿਰ ਵਿੱਚ ਪਿਲਾਤੁਸ ਨੇ ਯਿਸੂਨੂੰ
ਸੌਂਪ ਦਿੱਤਾ ਅਤੇ ਸਜ਼ਾ ਸੁਣਾਈ ਕਿ
ਯਿਸੂ ਨੂੰ ਸਲੀਬੀ ਮੌਤ ਦਿੱਤੀ ਜਾਵੇ।
ਸਿਪਾਹੀਆਂ ਨੇ ਯਿਸੂ ਦੇ ਮੁੱਕੇ ਮਾਰੇ,
ਉਸਦੇ ਮੂੰਹ ਤੇ ਥੁੱਕਿਆ,
ਅਤੇ ਕੋੜੇ ਮਾਰੇ।



ਉਹਨਾਂ ਨੇ ਇੱਕ ਲੰਬੇ ਤੇਜ਼ ਕੰਡਿਆਂ
ਦਾ ਕਸ਼ਟ ਦਾਇਕ ਤਾਜ਼ ਬਣਾਇਆ,
ਅਤੇ ਦਬਾ ਕੇ ਉਸਦੇ ਸਿਰ ਤੇ ਰੱਖ
ਦਿੱਤਾ। ਤਦ ਉਨ੍ਹਾਂ ਲੱਕੜ ਦੀ
ਸਲੀਬ ਉਤੇ ਉਸ ਨੂੰ ਮਾਰਨ
ਲਈ ਕਿੱਲ ਠੋਕੇ।



ਯਿਸੂ ਹਮੇਸ਼ਾ ਤੋ ਜਾਣਦਾ ਸੀ ਕਿ ਉਹ ਏਸੇ ਤਰ੍ਹਾਂ ਮਰੇਗਾ। ਉਹ ਇਹ ਵੀ ਜਾਣਦਾ ਸੀ ਕਿ ਉਸ ਦੀ ਮੌਤ ਉਨ੍ਹਾਂ ਸਭ ਗੁਨੇਹਗਾਰਾਂ ਲਈ ਮਾਫ਼ੀ ਲੈ ਕੇ ਆਵੇਗੀ ਜਿਹੜੇ ਉਸ ਤੇ ਭਰੋਸਾ ਰੱਖਦੇ ਹਨ।ਯਿਸੂ ਦੇ ਆਲੇ-ਦੁਆਲੇ ਦੋ ਡਾਕੂ ਸਲੀਬ ਉਤੇ ਚੜਾਏ ਗਏ ਸੀ।



ਇੱਕ ਨੇ ਯਿਸੂ ਤੇ ਭਰੋਸਾ ਕੀਤਾ ਅਤੇ ਉਹ ਸਵਰਗ ਵਿੱਚ ਗਿਆ। ਦੂਸਰੇ ਨੇ ਨਹੀ ਕੀਤਾ।





ਕੁੱਝ ਘੰਟਿਆਂ ਦੇ ਕਸ਼ਟ ਤੋ ਬਾਅਦ ਯਿਸੂ ਨੇ ਕਿਹਾ, ਸਮਾਪਤ ਹੋਇਆ' ਅਤੇ ਮਰ ਗਿਆ।

ਉਸਦਾ ਕੰਮ ਖਤਮ ਹੋ ਗਿਆ ਸੀ। ਉਸਦੇ ਦੋਸਤਾਂ ਨੇ ਉਸਨੂੰ ਨਿੱਜੀ ਕਬਰ ਵਿੱਚ ਦਫ਼ਨਾਇਆ।

ਤਦ ਰੋਮੀ ਸਿਪਾਹੀਆਂ ਨੇ ਮੋਹਰਬੰਦ ਕਰਕੇ ਕਬਰ ਤੇ ਸਿਪਾਹੀਆਂ ਦਾ ਪਹਿਰਾ ਲਗਾ ਦਿੱਤਾ।



ਹੁਣ ਨਾ ਤਾਂ ਕੋਈ ਅੰਦਰ
ਜਾ ਸਕਦਾ ਸੀ ਅਤੇ
ਨਾਂ ਹੀ ਬਾਹਰ ਆ
ਸਕਦਾ ਸੀ।



ਜੇਕਰ ਇਹ ਕਹਾਣੀ ਦਾ ਅੰਤ ਹੁੰਦਾ ਇਹ ਕਿੰਨੀ ਦੁੱਖ ਦੀ ਗੱਲ ਹੁੰਦੀ। ਪਰ ਪਰਮੇਸ਼ਵਰ ਨੇ ਕੁੱਝ ਅਜ਼ੀਬ ਕੰਮ ਕੀਤਾ।



ਹ਼ਫਤੇ ਦੇ ਪਹਿਲੇ ਦਿਨ ਪਹੁੰ ਫੁੱਟਣ ਤੋ ਪਹਿਲਾਂ ਯਿਸੂ ਦੇ ਕੁੱਝ ਚੇਲਿਆਂ ਨੇ ਪਾਇਆ ਕਿ ਪੱਥਰ ਕਬਰ ਤੋ ਹਟਿਆਂ ਹੋਇਆ ਹੈ।



ਜਦ ਉਨ੍ਹਾਂ ਨੇ ਅੰਦਰ ਵੇਖਿਆਂ
ਯਿਸੂ ਉਥੇ ਨਹੀ ਸੀ।



ਇੱਕ ਔਰਤ ਖੜੀ ਕਬਰ ਦੇ ਕੋਲ ਰੌਂਦੀ ਰਹੀ। ਯਿਸੂ ਨੇ ਉਸਨੂੰ ਦਰਸ਼ਨ ਦਿੱਤਾ।



ਉਹ ਪ੍ਰਸੰਨਤਾ ਪੂਰਨ ਹੋ ਕੇ ਤੇਜ਼ ਰਫ਼ਤਾਰ ਨਾਲ ਗਈ ਕਿ ਚੇਲਿਆਂ ਨੂੰ ਦੱਸੇ। “ਯਿਸੂ ਜਿੰਦਾ ਹੈ ! ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਹੈ।”





ਜਲਦੀ ਹੀ ਯਿਸੂ ਚੇਲਿਆਂ ਕੋਲ ਆਇਆ,
ਅਤੇ ਆਪਣੇ ਕਿੱਲਾਂ ਵਾਲੇ ਹੱਥਾਂ ਨੂੰ
ਵਖਾਇਆ ।ਇਹ ਸੱਚ ਸੀ। ਯਿਸੂ ਫ਼ਿਰ
ਜਿੰਦਾ ਹੋ ਗਿਆ।



ਉਸਦੇ ਇਨਕਾਰ ਕਰਨ ਦੇ ਬਾਵਜੂਦ, ਉਸਨੇ ਪਤਰਸ ਨੂੰ ਮਾਫ਼ ਕਰ ਦਿੱਤਾ, ਅਤੇ ਆਪਣੇ ਚੇਲਿਆਂ ਨੂੰ ਕਿਹਾ ਕਿ ਉਸਦੇ ਬਾਰੇ ਹਰੇਕ ਨੂੰ ਦੱਸੋ। ਤਦ ਉਹ ਸਵਰਗ ਨੂੰ ਵਾਪਿਸ ਚਲਾ ਗਿਆ। ਜਿੱਥੋ ਉਹ ਪਹਿਲਾਂ ਆਇਆ ਸੀ।



# ਪਹਿਲਾ ਈਸਟਰ (ਪਹਿਲ ਈਸਟਰ)

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜ਼ੀਲ 26-28, ਲੂਕਾ ਦੀ ਇੰਜ਼ੀਲ 22-24,
ਯਹੂੰਨਾ ਦੀ ਇੰਜ਼ੀਲ 13-21

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16